ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ 5766 -ਕਾਲਜ-ਸ.1

ਮਿਤੀ 23/8/18

ਯੂਨੀਵਰਸਿਟੀ ਨਾਲ ਸਬੰਧਿਤ
ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ,
(ਜਿਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ,
ਉਨ੍ਹਾਂ ਕੋਰਸਾਂ ਨੂੰ ਛੱਡ ਕੇ)।

ਵਿਸ਼ਾ:- ਸੈਸ਼ਨ 2018-19 ਲਈ Under Graduate ਅਤੇ Post Graduate Courses ਵਿੱਚ ਦਾਖਲਿਆਂ ਦੀ ਆਖਰੀ ਮਿਤੀ ਵਿੱਚ ਵਾਧੇ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਇਸ ਦਫਤਰ ਵੱਲੋਂ ਪਹਿਲਾਂ ਜਾਰੀ ਪੱਤਰ/ਸਰਕੂਲਰ ਨੰ:5716/ਸ-1/ਕਾਲਜ ਮਿਤੀ 18.08.2018 ਦੀ ਲਗਾਤਾਰਤਾ ਵਿੱਚ ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਦੀ ਲੋਅ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਇੱਕ ਵਿਸ਼ੇਸ਼ ਕੇਸ ਵੱਜੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਸੈਸ਼ਨ 2018-19 ਲਈ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਵੱਖ-ਵੱਖ ਕਾਲਜਾਂ ਵਿਖੇ Under Graduate ਅਤੇ Post Graduate Courses (ਜਿਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਨੂੰ ਛੱਡ ਕੇ) ਵਿੱਚ ਬਿਨ੍ਹਾਂ ਲੇਟ ਫੀਸ ਦਾਖਲਾ ਲੈਣ ਦੀ ਆਖਰੀ ਮਿਤੀ 20.08.2018 ਵਿੱਚ ਹੋਰ ਵਾਧਾ ਕਰਦੇ ਹੋਏ ਬਿਨ੍ਹਾਂ ਲੇਟ ਫੀਸ ਦਾਖਲਾ ਲੈਣ ਦੀ ਆਖਰੀ ਮਿਤੀ 31.08.2018 ਨਿਰਧਾਰਿਤ ਕੀਤੀ ਜਾਂਦੀ ਹੈ।

ਇਹ ਸ੍ਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 31.8.2018 ਤੱਕ Under Graduate ਅਤੇ Post Graduate Courses ਵਿੱਚ ਦਾਖਲ ਕੀਤੇ ਗਏ ਵਿਦਿਆਰਥੀਆਂ ਤੋਂ ਜੇਕਰ ਕਾਲਜ ਵੱਲੋਂ ਕੋਈ ਵੀ ਲੇਟ ਫੀਸ ਚਾਰਜ ਕੀਤੀ ਗਈ ਹੈ ਤਾਂ ਉਹ ਵਿਦਿਆਰਥੀਆਂ ਨੂੰ ਵਾਪਸ/ਰਿਫੰਡ/ਐਡਜਸਟ ਕਰਨੀ ਲਾਜ਼ਮੀ ਹੋਵੇਗੀ। ਇਸ ਤੋਂ ਇਲਾਵਾ ਬਾਕੀ ਨਿਰਧਾਰਿਤ ਸ਼ਡਿਊਲ (ਸਰਕੂਲਰ/ਪੱਤਰ ਨੰ: 2978-79/ਕਾਲਜਾਂ/ਸ-1 ਮਿਤੀ 21.05.2018) ਦੀਆਂ ਮਿਤੀਆਂ/ਹਦਾਇਤਾਂ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਲੇਟ ਫੀਸ ਨਾਲ ਦਾਖਲਿਆਂ ਦਾ ਸ਼ਡਿਊਲ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ।

23/8/18
ਡੀਨ,
ਕਾਲਜ ਵਿਕਾਸ ਕੌਂਸਲ

ਪਿੱਠ ਅੰਕਣ ਨੰਬਰ 5767-72/ਕਾਲਜ/ਸ-1 ਮਿਤੀ 23/8/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਕੰਟਰੋਲਰ (ਪ੍ਰੀਖਿਆਵਾਂ)
2. ਡਾ. ਕਵਲਜੀਤ ਸਿੰਘ (ਕੋ-ਕੋਆਰਡੀਨੇਟਰ)
3. ਡਾ. ਸਤਨਾਮ ਸਿੰਘ ਸੰਧੂ (ਕੋ-ਕੋਆਰਡੀਨੇਟਰ)
4. ਡਾਇਰੈਕਟਰ, ਕਾਂਸਟੀਚੂਐਂਟ (ਕਾਲਜਿਜ਼)
5. ਨਿਗਰਾਨ (ਰਜਿਸਟ੍ਰੇਸ਼ਨ ਸ਼ਾਖਾ)
6. ਨਿਗਰਾਨ (ਲੇਖਾ-2)

23/8/18
ਸਹਾਇਕ ਰਜਿਸਟਰਾਰ (ਕਾਲਜਾਂ)